Washington State Department of
CHILDREN, YOUTH & FAMILIES

# ਜਾਂਚ ਲਈ ਨੋਟਿਸ ਅਤੇ ਸਹਿਮਤੀ

**ਉਦੇਸ਼:** ਜਦੋਂਜਾਂਚਦੀ ਤਜਵੀਜ਼ ਕੀਤੀ ਗਈ ਹੈ ਅਤੇ ਜਾਂਚ ਕਰਨ ਲਈ ਮਾਤਾ-ਪਿਤਾ ਦੀਸਹਿਮਤੀਲੈਣ ਵਾਸਤੇ ਮਾਤਾ-ਪਿਤਾ ਨੂੰ ਪਹਿਲਾਂ ਤੋਂ ਲਿਖਤੀ ਨੋਟਿਸ ਮੁਹਈਆ ਕਰਨਾ।

| ਬੱਚੇ ਦਾ ਨਾਂ | ਜਨਮ-ਤਾਰੀਖ਼ | ਪਰਿਵਾਰਕ ਵਸੀਲਿਆਂ ਬਾਰੇ ਕੋਆੱਰਡੀਨੇਟਰ |
|---|---|---|
| | | |

**ਨੋਟਿਸ ਲਈ ਕਾਰਣ**

ESIT ਪ੍ਰੋਗਰਾਮ ਨੂੰ ਜਾਂਚ (ਪਛਾਣ) ਦੀਆਂ ਸਰਗਰਮੀਆਂ ਕਰਨ ਤੋਂ ਪਹਿਲਾਂ ਢੁਕਵੇਂ ਸਮੇਂ ਦੇ ਅੰਦਰ ਤੁਹਾਨੂੰ ਪਹਿਲਾਂ ਤੋਂ ਲਿਖਤੀ ਨੋਟਿਸ ਮੁਹਈਆ ਕਰਾਉਣਾ ਚਾਹੀਦਾ ਹੈ। ਇਸ ਗੱਲ ਦੀ ਲੋੜ ਹੈ ਕਿ ਤੁਸੀਂ ਹੇਠਾਂ ਕੀਤੇ ਆਪਣੇ ਦਸਤਖ਼ਤ ਰਾਹੀਂ ਇਹਨਾਂ ਸਰਗਰਮੀਆਂ ਲਈ ਦੱਸੀ ਗਈ ਜਾਣਕਾਰੀ ਦੀ ਲਿਖਤੀ ਸਹਿਮਤੀ ਦਿਓ। ਜਾਂਚ ਦਾ ਉਦੇਸ਼ ESIT ਪ੍ਰੋਗਰਾਮ ਹੇਠ ਅੰਦਾਜ਼ੇ ਅਤੇ ਮੁਲਾਂਕਣ ਲਈ ਤੁਹਾਡੇ ਬੱਚੇ ਦੀ ਲੋੜ ਦਾ ਪਤਾ ਲਾਉਣਾ ਹੈ। ਇਹ ਉਸ ਨੋਟਿਸ ਦਾ ਤੁਹਾਡਾ ਕਥਨ ਹੈ।

*"ਸਹਿਮਤੀ" ਦਾ ਮਤਲਬ ਹੈ ਕਿ; (1) ਤੁਹਾਨੂੰ ਤੁਹਾਡੀ ਮਾਂ-ਬੋਲੀ ਜਾਂ ਸੰਚਾਰ ਦੇ ਦੂਜੇ ਸਾਧਨ, ਜਿਸ ਵਿਚ ਸੰਕੇਤ ਭਾਸ਼ਾ, ਬ੍ਰੇਲਜਾਂਢੁਕਵੇਂ ਅਨੁਸਾਰ ਜ਼ਬਾਨੀ ਗੱਲਬਾਤ, ਜਿਸ ਕੰਮ ਲਈ ਸਹਿਮਤੀ ਲਈ ਗਈ ਹੈ, ਦੀਆਂ ਸਰਗਰਮੀਆਂ ਸਬੰਧੀ ਸਾਰੀ ਜਾਣਕਾਰੀ ਬਾਰੇ ਪੂਰੀ ਤਰ੍ਹਾਂ ਦੱਸਿਆ ਗਿਆ ਹੈ;(2) ਕਿ ਤੁਸੀਂ ਸਮਝਦੇ ਹੋ ਅਤੇ ਜਿਸ ਕੰਮ ਲਈ ਸਹਿਮਤੀ ਲਈ ਗਈ ਹੈ, ਵਾਸਤੇ ਸਰਗਰਮੀਆਂ ਸਿਰੇ ਚਾੜ੍ਹਣ ਲਈ ਲਿਖਤ ਵਿਚ ਸਹਿਮਤੀ ਦਿੱਤੀ ਹੈ; (3) ਸਹਿਮਤੀ ਵਿਚਸਰਗਰਮੀਆਂ ਅਤੇ ਰਿਕਾੱਰਡਾਂ ਦੀਆਂ ਸੂਚੀਆਂ (ਜੇ ਕੋਈ ਹੈ) ਬਾਰੇ ਦੱਸਿਆ ਗਿਆ ਹੈ ਕਿ ਇਹ ਸੂਚੀਆਂ ਦਿੱਤੀਆਂ ਜਾਣਗੀਆਂ ਅਤੇ ਕਿਸ ਨੂੰ; ਅਤੇ (4)ਆਪਣੀ ਸਹਿਮਤੀ ਸਵੈ-ਇੱਛਾ ਨਾਲ ਦੇ ਰਿਹਾ/ਰਹੀ ਹਾਂ ਅਤੇ ਲਿਖਤ ਵਿਚ ਕਿਸੇ ਵੀ ਸਮੇਂ ਰੱਦ ਕਰ ਸਕਦਾ/ਸਕਦੀ ਹਾਂ। ਜੇ ਤੁਸੀਂ ਸਹਿਮਤੀ ਰੱਦ ਕਰਦੇ ਹੋ, ਤਾਂ ਇਹ ਪਹਿਲਾਂ ਤੋਂ ਲਾਗੂਨਹੀਂ 6 ਹੈ(ਇਹ ਕਿਸੇ ਵੀ ਕਾਰਵਾਈ 'ਤੇ ਲਾਗੂ ਨਹੀਂ ਹੁੰਦੀ, ਜੋ ਸਹਿਮਤੀ ਰੱਦ ਕਰਨ ਤੋਂ ਪਹਿਲਾਂ ਵਾਪਰੀ ਸੀ)।*

**ਤਜਵੀਜ਼ ਕੀਤੀ ਗਈ ਕਾਰਵਾਈ:**

ਤੁਹਾਡੇ ਬੱਚੇ ਦੀਹੇਠਾਂ ਦਿੱਤੇ ਵਿਕਾਸ ਸਬੰਧੀ ਇੱਕ ਜਾਂ ਵੱਧ ਖੇਤਰਾਂ ਵਿਚ ਜਾਂਚ ਕੀਤੀ ਜਾਏਗੀ: ਗਿਆਨ ਸਬੰਧੀ,ਪ੍ਰਤੱਖ ਪੁੱਠੇ, ਪ੍ਰੇਰਕ ਪੁੱਠੇ, ਸੰਚਾਰ, ਸਮਾਜਕ-ਜਜ਼ਬਾਤੀ ਅਤੇ ਢਲਣਹਾਰ, ਨਜ਼ਰ ਅਤੇ ਸੁਣਨਾ। ਜਾਂਚ ਦੇ ਨਤੀਜਿਆਂ ਨੂੰ ESIT ਪ੍ਰੋਗਰਾਮ ਹੇਠ ਅੰਦਾਜ਼ੇ/ਮੁਲਾਂਕਣ ਲਈ ਜ਼ਰੂਰਤ ਦਾ ਪਤਾ ਲਾਉਣ ਲਈ ਇਸਤੇਮਾਲ ਕੀਤਾ ਜਾਏਗਾ। ਪਰ, ਜਾਂਚ ਦੇ ਅਮਲ ਦੌਰਾਨ ਤੁਸੀਂ ਕਿਸੇ ਵੀ ਸਮੇਂ ਮੁਲਾਂਕਣ ਲਈ ਬੇਨਤੀ ਕੀਤੀ ਹੈ ਅਤੇ ਸਹਿਮਤੀ ਦਿੱਤੀ ਹੈ, ਤਾਂ ਮੁਲਾਂਕਣ ਕੀਤਾ ਜਾਏਗਾ, ਭਾਵੇਂ ਕਿ ਤੁਹਾਡੇ ਬੱਚੇ ਵਿਚ ਅਸਮਰੱਥਾ ਦਾ ਸ਼ੱਕ ਨਹੀਂ ਹੈ। ਜਾਂਚ ਦੌਰਾਨ ਹਾਸਿਲ ਕੀਤੇ ਗਏ ਨਤੀਜਿਆਂ ਅਤੇ ਜਾਣਕਾਰੀ ਨੂੰ ਗੁਪਤ ਰਖਿਆ ਜਾਏਗਾ।

**ਵੇਰਵਾ**

ਜਾਂਚ ਕਿਵੇਂ ਕੀਤੀ ਜਾਂਦੀ ਹੈ, ਇਹ ਤੁਹਾਡੇ ਬੱਚੇ ਦੀਆਂ ਜ਼ਰੂਰਤਾਂ ਅਨੁਸਾਰ ਅਲੱਗ ਹੋਏਗੀ। ਇਸ ਵਿਚ ਮੈਡੀਕਲ/ਵਿਕਾਸ ਸਬੰਧੀ ਰਿਕਾੱਰਡਾਂ ਦਾ ਜਾਇਜ਼ਾ, ਮਾਤਾ-ਪਿਤਾ ਦਾ ਇੰਟਰਵਿਊ, ਬੱਚੇ ਦੀ ਨਿਗਰਾਨੀ ਅਤੇ/ਜਾਂ ਰਸਮੀ ਅਤੇ ਗ਼ੈਰਰਸਮੀ ਵਿਕਾਸ ਸਬੰਧੀ ਜਾਂਚ ਦੇ ਸਾਧਨ ਸ਼ਾਮਿਲ ਹੋ ਸਕਦੇ ਹਨ। ਜਾਂਚ ਕਰਨ ਵਾਲਾ ਵਿਅਕਤੀ, ਇਹਨਾਂ ਢੰਗ-ਤਰੀਕਿਆਂ ਅਤੇ ਨਤੀਜਿਆਂ ਬਾਰੇ ਤੁਹਾਡੇ ਨਾਲ ਗੱਲ ਕਰੇਗਾ।

**ਸਮੇਂ ਦੀਆਂ ਮਿਆਦਾਂ**

ਜੇ ਇਹ ਨਿਰਣਾ ਕੀਤਾ ਜਾਂਦਾ ਹੈ ਕਿ ਤੁਹਾਡੇ ਬੱਚੇ ਨੂੰ ਅੰਦਾਜ਼ੇ/ਮੁਲਾਂਕਣ, ਵਿਅਕਤੀਗਤ ਪਰਿਵਾਕ ਸਰਵਿਸ ਪਲਾਨ (IFSP) ਦੇ ਅੰਦਾਜ਼ੇ/ਮੁਲਾਂਕਣ ਅਤੇ ਪਸਾਰ ਦੀ ਲੋੜ ਹੈ, ਤਾਂ ਇਹ ਜਿਸ ਤਾਰੀਖ਼ ਤੋਂ ਤੁਹਾਡੇ ਬੱਚੇ ਨੂੰ ESIT ਪ੍ਰੋਗਰਾਮ ਲਈ ਰੈਫ਼ਰ ਕੀਤਾ ਗਿਆ ਸੀ, ਤੋਂ 45 ਕੈਲੰਡਰ ਦਿਨਾਂ ਦੇ ਅੰਦਰ ਮੁਕੰਮਲ ਕੀਤਾ ਜਾਣਾ ਚਾਹੀਦਾ ਹੈ। ਜੇ ਤੁਹਾਡੇ ਪਰਿਵਾਰ ਨੂੰ 45 ਦਿਨਾਂ ਤੋਂ ਬਾਅਦ ਵਾਧੂ ਸਮੇਂ ਦੀ ਲੋੜ ਹੈ, ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਪਰਿਵਾਰਕ ਵਸੀਲਿਆਂ ਬਾਰੇ ਕੋਆੱਰਡੀਨੇਟਰ ਨੂੰ ਦੱਸੋ।

*ਤਾਰੀਖ਼, ਜਦੋਂ ਤੁਹਾਡੇ ਬੱਚੇ ਨੂੰ ESIT ਪ੍ਰੋਗਰਾਮ ਲਈ ਰੈਫ਼ਰ ਕੀਤਾ ਗਿਆ ਸੀ:* ______

ਫ਼ਰਵਰੀ 2012

**ਸਹਿਮਤੀ ਦੀ ਪ੍ਰਵਾਣਗੀ ਅਤੇ ਕਥਨ**

ਮੈਨੂੰ ਇਸ ਨੋਟਿਸ ਦੇ ਨਾਲ IDEA (ਬਹੁਤ ਛੋਟੇ ਬੱਚਿਆਂ ਅਤੇ ਛੋਟੇ ਬੱਚਿਆਂ ਬਾਰੇ ਪ੍ਰੋਗਰਾਮ ਲਈ ਸ਼ੁਰੂਆਤੀ ਸਹਾਇਤਾ ਪ੍ਰੋਗਰਾਮ, *ਅਸਮਰੱਥ ਲੋਕਾਂ ਬਾਰੇ ਸਿੱਖਿਆ ਕਾਨੂੰਨ ({IDEA) ਹਿੱਸਾ C ਅਮਲ ਸਬੰਧੀ ਸੁਰੱਖਿਆ [ਮਾਤਾ-ਪਿਤਾ ਦੇ ਹੱਕ])* ਦੇ ਹਿੱਸਾ C ਹੇਠ ਆਪਣੇ ਹੱਕਾਂ ਅਤੇ ਅਮਲ ਸਬੰਧੀ ਸੁਰੱਖਿਆ ਦੀ ਕਾੱਪੀ ਮਿਲੀ ਹੈ।________________________________________

*ਮਾਤਾ-ਪਿਤਾ ਦੇ ਦਸਤਖ਼ਤ*

ਇਹਨਾਂ ਹੱਕਾਂ ਬਾਰੇ ਮੈਨੂੰ ਦੱਸ ਦਿੱਤਾ ਗਿਆ ਹੈ ਅਤੇ ਮੈਨੂੰ ਉਹ ਸਮਝ ਆ ਗਏ ਹਨ ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੀ ਸਹਿਮਤੀ ਸਵੈ-ਇੱਛਾ ਨਾਲ ਹੈ ਅਤੇ ਇਹ ਕਿ ਇਸ ਫ਼ਾਰਮ 'ਤੇ ਦਸਤਖ਼ਤ ਕਰਨ ਤੋਂ ਬਾਅਦ ਵੀ ਮੈਂ ਕਿਸੇ ਵੀ ਸਮੇਂ ਆਪਣੇ ਬੱਚੇ ਦਾ ਮੁਲਾਂਕਣ ਨਾ ਕੀਤੇ ਜਾਣ ਦੀ ਚੋਣ ਕਰ ਸਕਦਾ/ਸਕਦੀ ਹਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਇਸ ਜਾਂਚ ਲਈ ਸਹਿਮਤੀ ਨਾ ਦੇਣ ਦੀ ਚੋਣ ਕੀਤੀ ਹੈ, ਤਾਂ ਮੇਰੇ ਬੱਚੇ ਦੀ ਜਾਂਚ ਨਹੀਂ ਕੀਤੀ ਜਾਏਗੀ। ਮੈਂ ਸਮਝਦਾ/ਸਮਝਦੀ ਹਾਂ ਕਿ ਜਾਂਚ ਦੇ ਅਮਲ ਦੌਰਾਨ ਕਿਸੇ ਵੀ ਸਮੇਂ ਮੇਰੇ ਬੱਚੇ ਦੇ ਮੁਲਾਂਕਣ ਲਈ ਕਿਹਾ ਜਾ ਸਕਦਾ ਹੈ ਅਤੇ ਕਿ ਮੁਲਾਂਕਣ ਕੀਤਾ ਜਾਏਗਾ।

| | |
|---|---|
| ਮੈਂ ਉਪਰ ਦਿੱਤੀ ਗਈ ਸਰਗਰਮੀ(ਆਂ) ਨੂੰ ਸਿਰੇ ਚਾੜ੍ਹਣ ਲਈ ESIT ਪ੍ਰੋਗਰਾਮ ਵਾਸਤੇ ਆਪਣੀ ਦੱਸੀ ਗਈ ਸਹਿਮਤੀ<br>☐ ਦਿੰਦਾ/ਦਿੰਦੀ ਹਾਂ☐ ਨਹੀਂ ਦਿੰਦਾ/ਦਿੰਦੀ | |
| **ਮਾਤਾ-ਪਿਤਾ ਦਾ/ਦੇ ਨਾਂ ਪ੍ਰਿੰਟ ਕਰੋ** | |
| **ਮਾਤਾ-ਪਿਤਾ ਦੇ ਦਸਤਖ਼ਤ** | **ਤਾਰੀਖ਼** |

| **ਨਾਂ/ਟਾਈਟਲ/ਏਜੰਸੀ ਵਲੋਂ ਪ੍ਰਾਪਤ ਕੀਤਾ ਗਿਆ** | **ਤਾਰੀਖ਼** |
|---|---|
| | |

ਨਾਲ ਨੱਥੀ; ਬਹੁਤ ਛੋਟੇ ਬੱਚਿਆਂ ਅਤੇ ਛੋਟੇ ਬੱਚਿਆਂ ਬਾਰੇ ਪ੍ਰੋਗਰਾਮ ਲਈ ਸ਼ੁਰੂਆਤੀ ਸਹਾਇਤਾ, *ਅਸਮਰੱਥ ਲੋਕਾਂ ਬਾਰੇ ਸਿੱਖਿਆ ਕਾਨੂੰਨ (IDEA) ਹਿੱਸਾ C ਅਮਲ ਸਬੰਧੀ ਸੁਰੱਖਿਆ [ਮਾਤਾ-ਪਿਤਾ ਦੇ ਹੱਕ])*

ਧਿਆਨ ਦਿਓ *ਮਾਤਾ-ਪਿਤਾ ਨੂੰ ਇਸ ਫ਼ਾਰਮ ਦੀ ਕਾੱਪੀ ਦਿੱਤੀ ਜਾਂਦੀ ਹੈ ਅਤੇ ਇੱਕ ਦਸਤਖ਼ਤਸ਼ੁਦਾ ਕਾੱਪੀ ਬੱਚੇ ਦੇ ਸ਼ੁਰੂਆਤੀ ਸਾਲਸੀ ਰਿਕਾੱਰਡ ਵਿਚ ਸ਼ਾਮਿਲ ਕੀਤੀ ਜਾਏ।*

ਫ਼ਰਵਰੀ 2012